[Punjabi]

# ਇੱਕ ਰਿਪੋਰਟ ਕਰਨਯੋਗ ਅਪਰਾਧੀ ਵਜੋਂ ਤੁਹਾਡੀਆਂ ਜ਼ਿੰਮੇਵਾਰੀਆਂ

ਇਹ ਕਿਤਾਬਚਾ ਤੁਹਾਨੂੰ, ਰਿਪੋਰਟ ਕਰਨਯੋਗ ਅਪਰਾਧੀ, (ਜਾਂ ਤੁਹਾਡਾ ਸਹਿਯੋਗ ਕਰਨ ਵਾਲੇ ਵਿਅਕਤੀ) ਨੂੰ ਤੁਹਾਡੀਆਂ ਰਿਪੋਰਟ ਕਰਨ ਦੀਆਂ ਜ਼ਿੰਮੇਵਾਰੀਆਂ ਨੂੰ ਸਮਝਣ ਵਿੱਚ ਸਹਾਇਤਾ ਕਰਨ ਲਈ ਹੈ।

# ਵਿਸ਼ਾ-ਸੂਚੀ

ਭਾਈਚਾਰਕ ਸੁਰੱਖਿਆ (ਅਪਰਾਧੀ ਨੂੰ ਰਿਪੋਰਟ ਕਰਨ ਵਾਲਾ) ਕਾਨੂੰਨ 2004 ਕੀ ਹੈ? ........3
CPOR ਕਾਨੂੰਨ ਦਾ ਉਦੇਸ਼ ਕੀ ਹੈ? ........3
ਰਿਪੋਰਟ ਕਰਨਯੋਗ ਅਪਰਾਧੀ ਕੌਣ ਹੈ? ........4
ਇੱਕ ਅਧਿਕਾਰਿਤ ਵਿਅਕਤੀ ਕੌਣ ਹੈ? ........4
ਨਿੱਜੀ ਵੇਰਵਿਆਂ ਦੀ ਰਿਪੋਰਟ ਕਿਵੇਂ ਕਰਨੀ ਹੈ? ........4
ਤੁਹਾਨੂੰ ਕਿਹੜੀ ਜਾਣਕਾਰੀ ਰਿਪੋਰਟ ਕਰਨੀ ਚਾਹੀਦੀ ਹੈ? ........5
ਕੀ ਤੁਸੀਂ ਯਾਤਰਾ ਕਰ ਸਕਦੇ ਹੋ ਜਾਂ ਛੁੱਟੀਆਂ 'ਤੇ ਜਾ ਸਕਦੇ ਹੋ? ........7
ਪਾਲਣਾ ਨਾ ਕਰਨਾ, ਜਾਂ ਝੂਠੀ ਜਾਂ ਗੁੰਮਰਾਹਕੁੰਨ ਜਾਣਕਾਰੀ ਪ੍ਰਦਾਨ ਕਰਨਾ ........8
ਬਾਲਗਾਂ ਦੀ ਰਿਪੋਰਟ ਕਰਨ ਦੀ ਮਿਆਦ........9
ਨਾਬਾਲਗਾਂ ਲਈ ਰਿਪੋਰਟ ਕਰਨ ਦੀ ਮਿਆਦ........10
ਅਕਸਰ ਪੁੱਛੇ ਜਾਂਦੇ ਪ੍ਰਸ਼ਨ - ਵਧੀਕ ਜਾਣਕਾਰੀ........11
ਔਨਲਾਈਨ ਰਿਪੋਰਟ ਕਰਨਾ........13
ਸਹਾਇਤਾ ਸੇਵਾਵਾਂ........14

# ਭਾਈਚਾਰਕ ਸੁਰੱਖਿਆ (ਅਪਰਾਧੀ ਨੂੰ ਰਿਪੋਰਟ ਕਰਨ ਵਾਲਾ) ਕਾਨੂੰਨ 2004 ਕੀ ਹੈ?

ਭਾਈਚਾਰਕ ਸੁਰੱਖਿਆ (ਅਪਰਾਧੀ ਨੂੰ ਰਿਪੋਰਟ ਕਰਨ ਵਾਲਾ) ਕਾਨੂੰਨ 2004 (CPOR ਕਾਨੂੰਨ) ਪੁਲਿਸ ਕਮਿਸ਼ਨਰ ਨੂੰ ਵੈਸਟਰਨ ਆਸਟ੍ਰੇਲੀਆ (WA) ਵਿੱਚ ਇੱਕ ਰਜਿਸਟਰ ਸਥਾਪਤ ਕਰਨ ਦੀ ਮੰਗ ਕਰਦਾ ਹੈ। ਇਸ ਲਈ ਕੁਝ ਖਾਸ ਵਿਅਕਤੀਆਂ ਨੂੰ ਆਪਣੇ ਟਿਕਾਣਿਆਂ ਅਤੇ ਨਿੱਜੀ ਵੇਰਵਿਆਂ ਦੀ ਰਿਪੋਰਟ ਪੁਲਿਸ ਨੂੰ ਕੁਝ ਸਮੇਂ ਦੀ ਮਿਆਦ ਲਈ ਕਰਨੀ ਪੈਂਦੀ ਹੈ।

# CPOR ਕਾਨੂੰਨ ਦਾ ਉਦੇਸ਼ ਕੀ ਹੈ?

ਇਸ ਦਾ ਉਦੇਸ਼ WA ਪੁਲਿਸ ਨੂੰ ਉਪਲਬਧ ਜਾਣਕਾਰੀ ਦੇ ਕੇ ਜਨਤਾ ਦੀ ਸੁਰੱਖਿਆ ਕਰਨਾ ਹੈ, ਤਾਂ ਜੋ ਰਿਪੋਰਟ ਕਰਨ ਯੋਗ ਅਪਰਾਧੀਆਂ ਦੀ ਪ੍ਰਭਾਵਸ਼ਾਲੀ ਨਿਗਰਾਨੀ ਅਤੇ ਪ੍ਰਬੰਧਨ ਨੂੰ ਸਮਰੱਥ ਬਣਾਇਆ ਜਾ ਸਕੇ, ਤਾਂ ਜੋ ਦੁਬਾਰਾ ਅਪਰਾਧ ਕਰਨ ਦੀ ਸੰਭਾਵਨਾ ਨੂੰ ਘਟਾਇਆ ਜਾ ਸਕੇ।

ਤੁਹਾਨੂੰ, ਰਿਪੋਰਟ ਕਰਨਯੋਗ ਅਪਰਾਧੀ ਨੂੰ, ਵਸਾਉਣ, ਸਥਿਰ ਅਤੇ ਸੁਰੱਖਿਅਤ ਰਹਿਣ ਵਿੱਚ ਮਦਦ ਕਰਨ ਦੁਆਰਾ ਭਾਈਚਾਰਕ ਸੁਰੱਖਿਆ ਨੂੰ ਸਭ ਤੋਂ ਵਧੀਆ ਢੰਗ ਨਾਲ ਹਾਸਲ ਕੀਤਾ ਜਾਂਦਾ ਹੈ। ਤੁਹਾਡੇ ਜੀਵਨ ਵਿੱਚ ਜੋ ਕੁਝ ਵਾਪਰ ਰਿਹਾ ਹੈ, ਇਸ ਬਾਰੇ ਤਾਜ਼ਾ ਜਾਣਕਾਰੀ ਹੋਣ ਦਾ ਮਤਲਬ ਹੈ ਕਿ ਉਨ੍ਹਾਂ ਕਾਰਕਾਂ ਜਾਂ ਖ਼ਤਰਿਆਂ ਦੀ ਪਛਾਣ ਕੀਤੀ ਜਾ ਸਕਦੀ ਹੈ, ਜਿੰਨ੍ਹਾਂ ਦਾ ਸਿੱਟਾ ਮੁੜ ਅਪਰਾਧ ਕਰਨ ਦੇ ਰੂਪ ਵਿੱਚ ਨਿਕਲ ਸਕਦਾ ਹੈ। ਫੇਰ ਤੁਹਾਨੂੰ ਅਤੇ ਭਾਈਚਾਰੇ ਦੋਨਾਂ ਨੂੰ ਸੁਰੱਖਿਅਤ ਰੱਖਣ ਲਈ ਕਾਰਵਾਈ ਕੀਤੀ ਜਾ ਸਕਦੀ ਹੈ।

# ਰਿਪੋਰਟ ਕਰਨਯੋਗ ਅਪਰਾਧੀ ਕੌਣ ਹੈ?

ਜੇ ਤੁਹਾਨੂੰ ਕਾਨੂੰਨ ਵਿੱਚ ਸੂਚੀਬੱਧ ਕਿਸੇ ਰਿਪੋਰਟ ਕਰਨਯੋਗ ਅਪਰਾਧ ਵਾਸਤੇ ਸਜ਼ਾ ਸੁਣਾਈ ਗਈ ਹੈ, ਜਾਂ ਕਿਸੇ ਅਦਾਲਤ ਨੇ ਤੁਹਾਨੂੰ ਕਾਨੂੰਨ ਦੀਆਂ ਰਿਪੋਰਟ ਕਰਨ ਦੀਆਂ ਲੋੜਾਂ ਦੀ ਪਾਲਣਾ ਕਰਨ ਦਾ ਆਦੇਸ਼ ਦਿੱਤਾ ਹੈ, ਤਾਂ ਤੁਹਾਨੂੰ ਇੱਕ ਰਿਪੋਰਟ ਕਰਨਯੋਗ ਅਪਰਾਧੀ ਵਜੋਂ ਦਰਸਾਇਆ ਜਾਵੇਗਾ। ਇੱਕ ਰਿਪੋਰਟ ਕਰਨਯੋਗ ਅਪਰਾਧੀ ਵਜੋਂ, ਤੁਹਾਨੂੰ ਲਾਜ਼ਮੀ ਤੌਰ 'ਤੇ ਸਮੇਂ ਦੀ ਨਿਰਧਾਰਤ ਮਿਆਦ ਲਈ ਪੁਲਿਸ ਨੂੰ ਰਿਪੋਰਟ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਆਪਣੇ ਨਿੱਜੀ ਵੇਰਵੇ ਪ੍ਰਦਾਨ ਕਰਾਉਣੇ ਚਾਹੀਦੇ ਹਨ।

# ਇੱਕ ਅਧਿਕਾਰਿਤ ਵਿਅਕਤੀ ਕੌਣ ਹੈ?

ਅਧਿਕਾਰਤ ਵਿਅਕਤੀ ਦਾ ਮਤਲਬ ਹੈ ਇੱਕ ਪੁਲਿਸ ਅਧਿਕਾਰੀ ਜਾਂ ਨਿਯਮਾਂ ਦੁਆਰਾ ਨਿਰਧਾਰਤ ਵਿਅਕਤੀ।



## ਮੈਟਰੋਪੋਲੀਟਨ (ਸ਼ਹਿਰੀ ਇਲਾਕੇ)

ਇੱਕ ਵਾਰ ਰਜਿਸਟਰ ਹੋਣ ਤੋਂ ਬਾਅਦ, ਤੁਹਾਨੂੰ WA ਪੁਲਿਸ ਦੇ ਗੰਭੀਰ ਅਪਰਾਧੀ ਕਾਰਵਾਈ ਦਸਤੇ (SOES), ਦੀ ਇੱਕ ਟੀਮ ਨਾਲ ਜੋੜਿਆ ਜਾਵੇਗਾ।

ਉਹ ਤੁਹਾਨੂੰ ਇਹ ਸਮਝਣ ਵਿੱਚ ਮਦਦ ਕਰਨਗੇ ਕਿ ਤੁਹਾਡੀਆਂ ਰਿਪੋਰਟ ਕਰਨ ਦੀਆਂ ਲੋੜਾਂ ਦੀ ਪਾਲਣਾ ਕਰਨ ਲਈ ਕੀ ਜ਼ਰੂਰਤਾਂ ਹਨ।




## ਖ਼ੇਤਰੀ ਇਲਾਕੇ

ਇੱਕ ਵਾਰ ਰਜਿਸਟਰ ਹੋਣ ਤੋਂ ਬਾਅਦ, ਤੁਹਾਨੂੰ ਇਸ ਬਾਰੇ ਜਾਣੂੰ ਕਰਵਾਇਆ ਜਾਵੇਗਾ ਕਿ ਤੁਹਾਡੇ ਸਥਾਨਕ ਪੁਲਿਸ ਸਟੇਸ਼ਨ ਵਿਖੇ ਕਿਸ ਨੂੰ ਰਿਪੋਰਟ ਕਰਨੀ ਹੈ।

ਉਹ ਤੁਹਾਨੂੰ ਇਹ ਸਮਝਣ ਵਿੱਚ ਮਦਦ ਕਰਨਗੇ ਕਿ ਤੁਹਾਡੀਆਂ ਰਿਪੋਰਟ ਕਰਨ ਦੀਆਂ ਲੋੜਾਂ ਦੀ ਪਾਲਣਾ ਕਰਨ ਲਈ ਕੀ ਜ਼ਰੂਰਤਾਂ ਹਨ।

# ਨਿੱਜੀ ਵੇਰਵਿਆਂ ਦੀ ਰਿਪੋਰਟ ਕਿਵੇਂ ਕਰਨੀ ਹੈ?






**ਕਿਸੇ ਅਧਿਕਾਰਤ ਵਿਅਕਤੀ ਨੂੰ ਨਿੱਜੀ ਤੌਰ 'ਤੇ**

**ਜਾਂ**

**ਇਲੈਕਟ੍ਰੌਨਿਕ ਤਰੀਕੇ ਨਾਲ ਰਿਪੋਰਟ ਕਰਨਾ**

# ਤੁਹਾਨੂੰ ਕਿਹੜੀ ਜਾਣਕਾਰੀ ਰਿਪੋਰਟ ਕਰਨੀ ਚਾਹੀਦੀ ਹੈ?

**24 ਘੰਟਿਆਂ ਦੇ ਅੰਦਰ**

### ਬੱਚਿਆਂ (18 ਸਾਲ ਤੋਂ ਘੱਟ) ਨਾਲ ਰਿਪੋਰਟ ਕਰਨਯੋਗ ਸੰਪਰਕ

ਹਰੇਕ ਰਿਪੋਰਟ ਕਰਨਯੋਗ ਸੰਪਰਕ ਜੋ ਤੁਸੀਂ ਕੀਤੇ ਹਨ, ਦੇ ਰਿਪੋਰਟ ਕਰਨਯੋਗ ਸੰਪਰਕ ਵੇਰਵੇ:

ਇੱਕ ਬੱਚੇ ਨਾਲ; ਜਾਂ

ਉਸ ਦਿਨ ਤੋਂ ਬਾਅਦ 12 ਮਹੀਨਿਆਂ ਦੀ ਮਿਆਦ ਦੇ ਅੰਦਰ ਕਿਸੇ ਬੱਚੇ ਨਾਲ ਹੋਣ ਦੀ ਸੰਭਾਵਨਾ ਹੈ

***ਰਿਪੋਰਟ ਕਰਨਯੋਗ ਸੰਪਰਕ:***
ਨਿਗਰਾਨੀ, ਮੁਲਾਕਾਤਾਂ ਜਾਂ ਠਹਿਰਨਾ; ਜਾਂ
ਸੰਪਰਕ ਵੇਰਵਿਆਂ ਨੂੰ ਇੱਕ ਦੂਸਰੇ ਨੂੰ ਦੇਣਾ; ਜਾਂ
ਬੱਚੇ ਨਾਲ ਦੋਸਤੀ ਕਰਨਾ ਜਾਂ ਬੱਚੇ ਨਾਲ ਦੋਸਤੀ ਕਰਨ ਦੀ ਕੋਸ਼ਿਸ਼ ਕਰਨਾ।

***ਰਿਪੋਰਟ ਕਰਨਯੋਗ ਸੰਪਰਕ ਦੇ ਵੇਰਵੇ:***
ਹਰੇਕ ਬੱਚੇ ਦਾ ਨਾਮ, ਉਮਰ, ਰਿਹਾਇਸ਼ੀ ਪਤਾ; ਅਤੇ

ਬੱਚੇ ਦੇ ਮਾਪੇ ਜਾਂ ਸਰਪ੍ਰਸਤ ਦਾ ਨਾਮ, ਰਿਹਾਇਸ਼ੀ ਪਤਾ, ਅਤੇ ਸੰਪਰਕ ਵੇਰਵੇ ਅਤੇ ਰਿਪੋਰਟ ਕਰਨਯੋਗ ਸੰਪਰਕ ਨਾਲ ਸੰਬੰਧਿਤ ਵੇਰਵੇ।

**3 ਦਿਨਾਂ ਦੇ ਅੰਦਰ**

### ਪਤਾ

ਹਰੇਕ ਇਮਾਰਤ ਦਾ ਪਤਾ ਜਿਸ 'ਤੇ ਤੁਸੀਂ ਆਮ ਤੌਰ 'ਤੇ ਰਹਿੰਦੇ ਹੋ।

ਜੇ ਤੁਸੀਂ ਆਮ ਤੌਰ 'ਤੇ ਕਿਸੇ ਵਿਸ਼ੇਸ਼ ਇਮਾਰਤ ਵਿੱਚ ਨਹੀਂ ਰਹਿੰਦੇ, ਤਾਂ ਉਨ੍ਹਾਂ ਇਲਾਕਿਆਂ ਦਾ ਨਾਮ ਜਿਸ ਵਿੱਚ ਤੁਸੀਂ ਆਮ ਤੌਰ 'ਤੇ ਹੋ ਸਕਦੇ ਹੋ।

ਹਰੇਕ ਇਮਾਰਤ ਜਿੱਥੇ ਤੁਹਾਡੀ ਮਾਲਕੀ ਹੈ ਜਾਂ ਤੁਸੀਂ ਕਿਰਾਏ 'ਤੇ ਲੈਂਦੇ ਹੋ, ਉਨ੍ਹਾਂ ਦਾ ਕੰਟਰੋਲ ਜਾਂ ਪ੍ਰਬੰਧਨ ਹੈ (ਜਿਸ ਵਿੱਚ ਸਮਾਨ ਸੰਭਾਲ ਕੇ ਰੱਖਣ ਵਾਲੀਆਂ ਸੁਵਿਧਾਵਾਂ ਵੀ ਸ਼ਾਮਲ ਹਨ)।

**3 ਦਿਨਾਂ ਦੇ ਅੰਦਰ**

### ਰੁਜ਼ਗਾਰ / ਵਿਹਾਰਕ ਸਿਖਲਾਈ / ਸਵੈ-ਸੇਵਕ ਵਜੋਂ ਕੰਮ

ਜੇ ਕੰਮ ਕਰ ਰਹੇ ਹੋ:
ਰੁਜ਼ਗਾਰ ਦੇ ਇਕਰਾਰਨਾਮੇ ਦੇ ਅਧੀਨ; ਜਾਂ
ਕਿਸੇ ਸੰਸਥਾ ਲਈ ਸਵੈ-ਸੇਵਕ; ਜਾਂ

ਸਵੈ-ਰੁਜ਼ਗਾਰ; ਜਾਂ

ਉਪ-ਠੇਕੇਦਾਰ; ਜਾਂ

ਵਿਹਾਰਕ ਸਿਖਲਾਈ (ਸਿੱਖਿਆ) ਲੈਣੀ; ਅਤੇ

ਧਾਰਮਿਕ ਮੰਤਰੀ ਜਾਂ ਧਾਰਮਿਕ ਸੰਸਥਾ ਦੇ ਉਦੇਸ਼ਾਂ ਲਈ ਕਿਸੇ ਵੀ ਸਮਰੱਥਾ ਵਿੱਚ।

ਰੁਜ਼ਗਾਰ ਦੀ ਕਿਸਮ, ਜਿਸ ਵਿੱਚ ਨੌਕਰੀ ਦਾ ਵੇਰਵਾ ਅਤੇ ਰੁਜ਼ਗਾਰ ਦੇ ਖ਼ਾਸ ਦਿਨ ਸ਼ਾਮਲ ਹਨ;

ਉਨ੍ਹਾਂ ਦੇ ਰੁਜ਼ਗਾਰਦਾਤੇ ਦਾ ਨਾਮ;

ਹਰੇਕ ਇਮਾਰਤ ਦਾ ਪਤਾ ਜਿਸ ਵਿੱਚ ਤੁਸੀਂ ਆਮ ਤੌਰ 'ਤੇ ਨੌਕਰੀ ਕਰਦੇ ਹੋ ਜਾਂ ਜੇ ਆਮ ਤੌਰ 'ਤੇ ਕਿਸੇ ਵਿਸ਼ੇਸ਼ ਇਮਾਰਤ ਵਿਖੇ ਨੌਕਰੀ ਨਹੀਂ ਕਰਦੇ ਹੋ, ਹਰੇਕ ਇਲਾਕੇ ਦਾ ਨਾਮ ਜਿਸ ਵਿੱਚ ਤੁਸੀਂ ਆਮ ਤੌਰ 'ਤੇ ਨੌਕਰੀ ਕਰਦੇ ਹੋ 12-ਮਹੀਨਿਆਂ ਦੀ ਮਿਆਦ ਦੇ ਅੰਦਰ, 3 ਦਿਨਾਂ ਦੀ ਨੌਕਰੀ ਕਰਨ ਦੇ ਬਾਅਦ।

**3 ਦਿਨਾਂ ਦੇ ਅੰਦਰ**

### ਗੱਡੀ ਦੀ ਮਲਕੀਅਤ

ਤੁਹਾਡੇ ਮਾਲਕੀ ਵਾਲੀ ਹਰੇਕ ਮੋਟਰ ਗੱਡੀ ਦੀ ਕੰਪਨੀ, ਮਾਡਲ, ਰੰਗ ਅਤੇ ਰਜਿਸਟਰੇਸ਼ਨ ਨੰਬਰ, ਜਾਂ ਜੋ ਤੁਸੀਂ ਆਮ ਤੌਰ 'ਤੇ ਚਲਾਉਂਦੇ ਹੋ।

ਤੁਹਾਨੂੰ ਹਰੇਕੀ ਗੱਡੀ ਦੀ ਰਿਪੋਰਟ ਕਰਨ ਦੀ ਲੋੜ ਹੈ, ਜਿਸ ਵਿੱਚ ਕੈਰਾਵੈਨ, ਕਿਸ਼ਤੀ, ਜਾਂ ਹਵਾਈ ਜਹਾਜ਼ ਵੀ ਸ਼ਾਮਲ ਹੈ।

ਰਿਪੋਰਟ ਕੀਤੀਆਂ ਗਈਆਂ ਗੱਡੀਆਂ ਦੀਆਂ ਫ਼ੋਟੋਆਂ ਲਈਆਂ ਜਾ ਸਕਦੀਆਂ ਹਨ।

### ਗੱਡੀ ਚਲਾਈ ਜਾਂਦੀ ਹੈ

12 ਮਹੀਨਿਆਂ ਦੀ ਮਿਆਦ ਦੇ ਅੰਦਰ 3 ਦਿਨਾਂ ਦੀ ਮਿਆਦ ਦੇ ਬਾਅਦ।

**7 ਦਿਨਾਂ ਦੇ ਅੰਦਰ**



## ਇੰਟਰਨੈਟ ਖਾਤੇ / ISP

ਹਰੇਕ ਇੰਟਰਨੈਟ ਸੇਵਾ ਪ੍ਰਦਾਤਾ (ISP) ਦਾ ਨਾਮ ਜਿਸ ਦੀ ਇੰਟਰਨੈੱਟ ਕੈਰਿਜ ਸੇਵਾ ਤੁਹਾਨੂੰ ਮਿਲਦੀ ਹੈ ਜਾਂ ਤੁਸੀਂ ਨਿਯਮਤ ਤੌਰ 'ਤੇ ਵਰਤਦੇ ਹੋ।

ਹੇਠ ਲਿਖਿਆਂ ਵਿੱਚੋਂ ਹਰੇਕ ਦੀ ਵਰਤੋਂ ਕਰਦੇ ਸਮੇਂ, ਹਰੇਕ ਨਾਮ ਜਿਸ ਦੀ ਤੁਸੀਂ ਵਰਤੋਂ ਕਰਦੇ ਹੋ ਜਾਂ ਜਾਣੇ ਜਾਂਦੇ ਹੋ; ਸੰਚਾਰ ਦੇ ਉਦੇਸ਼ਾਂ ਲਈ ਇੰਟਰਨੈੱਟ, ਇਲੈਕਟ੍ਰੌਨਿਕ ਸੰਚਾਰ ਸੇਵਾ ਜਾਂ ਇੱਕ ਇਤਫਾਕੀਆ ਸੰਚਾਰ ਸੇਵਾ।

ਹਰੇਕ ਵੈੱਬਸਾਈਟ, ਇਲੈਕਟ੍ਰੌਨਿਕ ਸੰਚਾਰ ਸੇਵਾ ਜਾਂ ਇੱਕ ਇਤਫਾਕੀਆ ਸੰਚਾਰ ਸੇਵਾ ਦਾ ਨਾਮ ਜਾਂ URL।

ਹਰੇਕ ਯੂਜ਼ਰ (ਵਰਤੋਂਕਾਰ) ਦਾ ਨਾਮ, ਕੋਡ, ਪਾਸਵਰਡ, ਜਾਂ ਹੋਰ ਜਾਣਕਾਰੀ ਜਿਸ ਦੀ ਵਰਤੋਂ ਤੁਸੀਂ ਪਹੁੰਚ ਪ੍ਰਾਪਤ ਕਰਨ ਲਈ ਕਰਦੇ ਹੋ; ਇੰਟਰਨੈੱਟ ਜਾਂ ਕਿਸੇ ਵਿਸ਼ੇਸ਼ ਵੈੱਬਸਾਈਟ (ਕਿਸੇ ਬੈਂਕਿੰਗ ਵੈੱਬਸਾਈਟ ਤੋਂ ਇਲਾਵਾ), ਈਮੇਲ ਦਾ ਪਤਾ, ਇਲੈਕਟ੍ਰੌਨਿਕ ਸੰਚਾਰ ਸੇਵਾ ਜਾਂ ਇੱਕ ਇਤਫਾਕੀਆ ਸੰਚਾਰ ਸੇਵਾ।

**7 ਦਿਨਾਂ ਦੇ ਅੰਦਰ**



## ਟੈਲੀਫ਼ੋਨ ਨੰਬਰ

ਤੁਹਾਡੇ ਕੋਲ ਮੌਜੂਦ ਹਰੇਕ ਟੈਲੀਫ਼ੋਨ ਨੰਬਰ ਜਾਂ ਜੋ ਤੁਸੀਂ ਬਕਾਇਦਾ ਵਰਤਦੇ ਹੋ।

### ਈਮੇਲ ਦਾ ਪਤਾ

ਤੁਹਾਡੇ ਕੋਲ ਮੌਜੂਦ ਹਰੇਕ ਈਮੇਲ ਦੇ ਪਤੇ ਜਾਂ ਜੋ ਤੁਸੀਂ ਬਕਾਇਦਾ ਵਰਤਦੇ ਹੋ, ਅਤੇ ਸੰਬੰਧਿਤ ਪਾਸਵਰਡ।

### ਡਿਵਾਈਸ ਲੌਗ-ਇਨ/ਐਕਸੈਸ ਦੇ ਵੇਰਵੇ

ਇੰਟਰਨੈੱਟ ਤੱਕ ਪਹੁੰਚ ਕਰਨ ਲਈ ਤੁਹਾਡੇ ਵੱਲੋਂ ਵਰਤੀ ਜਾਣ ਵਾਲੀ ਹਰੇਕ ਡਿਵਾਈਸ ਦੇ ਨਾਲ-ਨਾਲ ਡੀਵਾਈਸ ਦੇ ਸੰਬੰਧਿਤ ਕੋਡ/ਪਾਸਵਰਡ/ਪੈਟਰਨ। ਜਿਵੇਂ ਕਿ ਮੋਬਾਈਲ ਫ਼ੋਨ, ਲੈਪਟਾਪ, ਆਈਪੈਡ, ਕੰਪਿਊਟਰ ਕੰਸੋਲ।

### ਬੈਂਕ/ਵਿੱਤੀ ਸੰਸਥਾ

ਹਰੇਕ ਅਧਿਕਾਰਿਤ ਪੈਸੇ ਜਮ੍ਹਾਂ ਕਰਵਾਉਣ ਵਾਲੀ ਸੰਸਥਾ, ਜਾਂ ਹੋਰ ਤਜਵੀਜ਼ ਵਿੱਤੀ ਸੇਵਾ ਪ੍ਰਦਾਤੇ ਦਾ ਨਾਮ, ਜਿਸ ਨਾਲ ਤੁਹਾਡਾ ਖਾਤਾ ਜਾਂ ਲੈਣ-ਦੇਣ ਹੈ।

**7 ਦਿਨਾਂ ਦੇ ਅੰਦਰ**



## ਨਾਮ/ਜਨਮ ਤਾਰੀਖ਼ ਜਾਂ ਲਿੰਗ

ਨਾਮ, ਪਿਛਲੇ ਨਾਮ, ਜਨਮ ਤਾਰੀਖ਼ ਅਤੇ ਲਿੰਗ ਵਿੱਚ ਤਬਦੀਲੀਆਂ।

### ਵਿਦੇਸ਼ੀ ਨਾਗਰਿਕਤਾ

ਤੁਹਾਡੇ ਹਰੇਕ ਵਿਦੇਸ਼ੀ ਨਾਗਰਿਕਤਾ ਦੇ ਵੇਰਵੇ, ਜਿਸ ਵਿੱਚ ਉਸ ਦੇਸ਼ ਦਾ ਨਾਮ ਵੀ ਸ਼ਾਮਲ ਹੈ ਜਿਸ ਨਾਲ ਇਹ ਸੰਬੰਧਿਤ ਹੈ।

### ਪਾਸਪੋਰਟ

ਤੁਹਾਡੇ ਹਰੇਕ ਪਾਸਪੋਰਟ ਦੇ ਵੇਰਵੇ, ਜਿਸ ਵਿੱਚ ਇਸ ਦਾ ਨੰਬਰ ਅਤੇ ਮਿਆਦ ਪੁੱਗਣ ਦੀ ਤਾਰੀਖ਼ ਅਤੇ ਜਾਰੀ ਕੀਤੇ ਗਏ ਦੇਸ਼ ਦਾ ਨਾਮ ਸ਼ਾਮਲ ਹੈ।

### ਕਲੱਬ/ਸੰਸਥਾਵਾਂ

ਹਰੇਕ ਕਲੱਬ ਜਾਂ ਸੰਸਥਾ ਨਾਲ ਸਾਰੇ ਸੰਬੰਧਾਂ ਦੇ ਵੇਰਵੇ ਜਿਸ ਵਿੱਚ ਬੱਚੇ ਮੈਂਬਰ ਹੁੰਦੇ ਹਨ, ਜਾਂ ਜੋ ਅਜਿਹੀਆਂ ਗਤੀਵਿਧੀਆਂ ਦਾ ਸੰਚਾਲਨ ਕਰਦੀ ਹੈ, ਜਿਸ ਵਿੱਚ ਬੱਚੇ ਹਿੱਸਾ ਲੈਂਦੇ ਹਨ। ਜਿਵੇਂ ਕਿ ਜਿਮ, ਚਰਚ, TAFE

### ਟੈਟੂ

ਹਰੇਕ ਟੈਟੂ ਦੇ ਜਾਂ ਟੈਟੂ ਨੂੰ ਹਟਾਉਣ ਦੇ ਵੇਰਵੇ।

### ਦਾਗ਼ / ਨਿਸ਼ਾਨ

ਤੁਹਾਡੇ ਸਰੀਰ 'ਤੇ ਮੌਜੂਦ ਹਰੇਕ ਸਥਾਈ ਨਿਵੇਕਲੇ ਨਿਸ਼ਾਨ / ਦਾਗ਼ ਦੇ ਵੇਰਵੇ (ਜਾਂ ਜਿਨ੍ਹਾਂ ਨੂੰ ਹਟਾ ਦਿੱਤਾ ਗਿਆ ਹੈ)।

**7 ਦਿਨਾਂ ਦੇ ਅੰਦਰ**



## 14 ਦਿਨ ਜਾਂ ਇਸ ਤੋਂ ਵੱਧ ਦੀ ਸਰਕਾਰੀ ਹਿਰਾਸਤ

ਜੇ ਤੁਸੀਂ ਲਗਾਤਾਰ 14 ਜਾਂ ਵਧੇਰੇ ਦਿਨਾਂ ਲਈ ਸਰਕਾਰੀ ਹਿਰਾਸਤ ਵਿੱਚ ਰਹੇ ਹੋ।

ਰਿਹਾਅ ਹੋਣ ਦੇ 7 ਦਿਨਾਂ ਦੇ ਅੰਦਰ ਆਪਣੇ ਨਿੱਜੀ ਵੇਰਵਿਆਂ ਦੀ ਲਾਜ਼ਮੀ ਰਿਪੋਰਟ ਕਰਨੀ ਚਾਹੀਦੀ ਹੈ।

ਜੇ ਤੁਸੀਂ ਸਰਕਾਰੀ ਹਿਰਾਸਤ ਵਿੱਚ ਇਨ੍ਹਾਂ ਵਜੋਂ ਸੀ;

ਕੈਦੀ;
ਨਜ਼ਰਬੰਦ;
ਮਾਨਸਿਕ ਤੌਰ 'ਤੇ ਅਪਾਹਜ ਮੁਲਜ਼ਮ; ਜਾਂ
ਇਮੀਗ੍ਰੇਸ਼ਨ ਨਜ਼ਰਬੰਦੀ ਵਿੱਚ।

### ਵਿਦੇਸ਼ੀ ਅਧਿਕਾਰ ਖੇਤਰ ਵਿੱਚ ਦੋਸ਼ੀ ਪਾਏ ਗਏ ਹੋ

# ਕੀ ਤੁਸੀਂ ਯਾਤਰਾ ਕਰ ਸਕਦੇ ਹੋ ਜਾਂ ਛੁੱਟੀਆਂ 'ਤੇ ਜਾ ਸਕਦੇ ਹੋ?

| **WA ਦੇ ਅੰਦਰ ਯਾਤਰਾ ਕਰਨਾ (7 ਜਾਂ ਵਧੇਰੇ ਦਿਨਾਂ ਲਈ)** | **WA ਤੋਂ ਬਾਹਰ ਯਾਤਰਾ ਕਰਨਾ (ਦੂਸਰੇ ਰਾਜ ਵਿੱਚ)** | **ਵਿਦੇਸ਼ ਦੀ ਯਾਤਰਾ ਕਰਨਾ** | **ਯਾਤਰਾ ਦੇ ਵੇਰਵਿਆਂ ਨੂੰ ਬਦਲਣਾ (ਯਾਤਰਾ ਤੋਂ ਪਹਿਲਾਂ ਜਾਂ ਯਾਤਰਾ ਦੇ ਦੌਰਾਨ)** | **ਦੂਸਰੇ ਰਾਜ ਜਾਂ ਵਿਦੇਸ਼ਾਂ ਤੋਂ WA ਵਿੱਚ ਵਾਪਸ ਆਉਣਾ** |
| --- | --- | --- | --- | --- |
| **ਕੀ ਰਿਪੋਰਟ ਕਰਨੀ ਹੈ** | | | | |
| ਤੁਹਾਨੂੰ ਲਾਜ਼ਮੀ ਤੌਰ 'ਤੇ ਯਾਤਰਾ ਦੀਆਂ ਤਾਰੀਖਾਂ, ਯਾਤਰਾ ਪ੍ਰੋਗਰਾਮ, ਯਾਤਰਾ ਦੀ ਵਿਧੀ ਅਤੇ ਪਤੇ ਪ੍ਰਦਾਨ ਕਰਵਾਉਣੇ ਚਾਹੀਦੇ ਹਨ, ਜਿੱਥੇ ਤੁਸੀਂ ਰਹਿ ਰਹੇ ਹੋ ਅਤੇ ਜੇ ਕਿਸੇ ਬੱਚੇ ਦੇ ਮੌਜੂਦ ਹੋਣ ਦੀ ਸੰਭਾਵਨਾ ਹੈ। | ਤੁਹਾਨੂੰ ਯਾਤਰਾ ਦੀ ਵਿਧੀ, ਰਵਾਨਗੀ, ਅਤੇ ਪਹੁੰਚਣ ਦੀਆਂ ਤਾਰੀਖ਼ਾਂ, ਯਾਤਰਾ ਪ੍ਰੋਗਰਾਮ ਅਤੇ ਪਤੇ ਪ੍ਰਦਾਨ ਕਰਵਾਉਣੇ ਚਾਹੀਦੇ ਹਨ ਜਿੱਥੇ ਤੁਸੀਂ ਰਹਿ ਰਹੇ ਹੋ ਅਤੇ ਜੇ ਕਿਸੇ ਬੱਚੇ ਦੇ ਮੌਜੂਦ ਹੋਣ ਦੀ ਸੰਭਾਵਨਾ ਹੈ। | ਯਾਤਰਾ ਕਰਨ ਦੀ ਮਨਜ਼ੂਰੀ ਲੈਣ ਵਾਸਤੇ ਤੁਹਾਨੂੰ ਲਾਜ਼ਮੀ ਤੌਰ 'ਤੇ ਇੱਕ ਅਰਜ਼ੀ ਫਾਰਮ ਭਰਨਾ ਚਾਹੀਦਾ ਹੈ। ਇਹ ਲਾਜ਼ਮੀ ਯਾਤਰਾ ਬੁੱਕ ਕਰਨ ਤੋਂ ਪਹਿਲਾਂ ਕੀਤਾ ਜਾਣਾ ਚਾਹੀਦਾ ਹੈ।<br><br>ਆਪਣੀ ਅਰਜ਼ੀ 'ਤੇ ਵਿਚਾਰ ਕੀਤੇ ਜਾਣ ਲਈ ਸਮਾਂ ਦਿਓ। | ਤੁਹਾਨੂੰ ਲਾਜ਼ਮੀ ਤੌਰ 'ਤੇ ਕਿਸੇ ਵੀ ਤਬਦੀਲੀਆਂ ਦੇ ਵੇਰਵੇ ਪ੍ਰਦਾਨ ਕਰਵਾਉਣੇ ਚਾਹੀਦੇ ਹਨ। | ਯਾਤਰਾ ਦੇ ਸਾਰੇ ਵੇਰਵਿਆਂ ਦੀ ਪੁਸ਼ਟੀ ਕਰਨ ਲਈ ਤੁਹਾਨੂੰ ਲਾਜ਼ਮੀ ਤੌਰ 'ਤੇ ਦਸਤਾਵੇਜ਼ ਪ੍ਰਦਾਨ ਕਰਵਾਉਣੇ ਚਾਹੀਦੇ ਹਨ। |
| **ਰਿਪੋਰਟ ਕਦੋਂ ਕਰਨੀ ਹੈ** | | | | |
| **WA ਦੇ ਅੰਦਰ ਯਾਤਰਾ ਕਰਨ ਤੋਂ ਘੱਟੋ ਘੱਟ 7 ਦਿਨ ਪਹਿਲਾਂ** | **WA ਨੂੰ ਛੱਡਣ ਤੋਂ ਘੱਟੋ ਘੱਟ 7 ਦਿਨ ਪਹਿਲਾਂ** | **ਜਿਵੇਂ ਹੀ ਯਾਤਰਾ ਕਰਨ ਦਾ ਫ਼ੈਸਲਾ ਲਿਆ ਜਾਂਦਾ ਹੈ** | **ਜਿੰਨੀ ਜਲਦੀ ਹੋ ਸਕੇ** | **WA ਵਿੱਚ ਵਾਪਸ ਆਉਣ ਦੇ 7 ਦਿਨਾਂ ਦੇ ਅੰਦਰ** |

### NORO ਇੰਟਰਵਿਊ

» ਤੁਹਾਨੂੰ ਆਪਣੀ NORO ਇੰਟਰਵਿਊ ਵਾਸਤੇ ਕਿਸੇ ਪੁਲਿਸ ਅਫ਼ਸਰ ਕੋਲ ਨਿੱਜੀ ਤੌਰ 'ਤੇ ਰਿਪੋਰਟ ਕਰਨ ਦੀ ਲੋੜ ਪਵੇਗੀ। ਪੂਰਾ ਹੋਣ 'ਤੇ, ਤੁਹਾਨੂੰ ਤੁਹਾਡੀ ਅਗਲੀ ਇੰਟਰਵਿਊ ਦੀ ਤਾਰੀਖ਼ ਅਤੇ ਸਮੇਂ ਬਾਰੇ ਦੱਸਿਆ ਜਾਵੇਗਾ।

### ਕਿਸੇ ਵੀ ਤਬਦੀਲੀਆਂ ਬਾਰੇ ਜਾਣਕਾਰੀ ਦੇਣਾ

» ਤੁਹਾਨੂੰ ਲਾਜ਼ਮੀ ਤੌਰ 'ਤੇ ਆਪਣੇ ਨਿੱਜੀ ਵੇਰਵਿਆਂ ਵਿੱਚ ਕਿਸੇ ਵੀ ਤਬਦੀਲੀਆਂ ਬਾਰੇ ਦੱਸਣਾ ਚਾਹੀਦਾ ਹੈ। ਸਫ਼ਾ 5 ਅਤੇ 6 ਵੇਖੋ।

### ਯਾਤਰਾ

» ਤੁਹਾਨੂੰ ਲਾਜ਼ਮੀ ਤੌਰ 'ਤੇ ਆਪਣੀਆਂ ਯਾਤਰਾ ਦੀਆਂ ਯੋਜਨਾਵਾਂ ਬਾਰੇ ਕਿਸੇ ਅਧਿਕਾਰਤ ਵਿਅਕਤੀ ਨੂੰ ਰਿਪੋਰਟ ਕਰਨੀ ਚਾਹੀਦੀ ਹੈ। ਸਫ਼ਾ 7 ਵੇਖੋ।

# ਪਾਲਣਾ ਨਾ ਕਰਨਾ, ਜਾਂ ਝੂਠੀ ਜਾਂ ਗੁੰਮਰਾਹਕੁੰਨ ਜਾਣਕਾਰੀ ਪ੍ਰਦਾਨ ਕਰਨਾ

ਤੱਕ ਦਾ ਜੁਰਮਾਨਾ
**$24,000**
ਅਤੇ/ਜਾਂ
**5 ਸਾਲ**
**ਕੈਦ**

**ਜੇ ਤੁਸੀਂ ਆਪਣੀਆਂ ਰਿਪੋਰਟ ਕਰਨ ਦੀਆਂ ਜ਼ਿੰਮੇਵਾਰੀਆਂ ਦੀ ਪਾਲਣਾ ਨਹੀਂ ਕਰਦੇ ਹੋ ਤਾਂ ਕੀ ਵਾਪਰਦਾ ਹੈ?**

ਜੇ ਤੁਸੀਂ ਆਪਣੀਆਂ ਰਿਪੋਰਟ ਕਰਨ ਦੀਆਂ ਜ਼ਿੰਮੇਵਾਰੀਆਂ ਦੀ ਪਾਲਣਾ ਨਹੀਂ ਕਰਦੇ ਹੋ ਤਾਂ ਤੁਹਾਨੂੰ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ ਅਤੇ ਦੋਸ਼ ਲਾਏ ਜਾ ਸਕਦੇ ਹਨ।

ਜੇ ਤੁਹਾਡੇ 'ਤੇ ਆਪਣੀਆਂ ਰਿਪੋਰਟ ਕਰਨ ਜ਼ਿੰਮੇਵਾਰੀਆਂ ਦੀ ਪਾਲਣਾ ਨਾ ਕਰਨ ਦਾ ਦੋਸ਼ ਲਗਾਇਆ ਜਾਂਦਾ ਹੈ ਅਤੇ ਦੋਸ਼ੀ ਠਹਿਰਾਇਆ ਜਾਂਦਾ ਹੈ, ਤਾਂ ਸਜ਼ਾ $24,000 ਤੱਕ ਜੁਰਮਾਨਾ ਅਤੇ/ਜਾਂ 5 ਸਾਲ ਤੱਕ ਦੀ ਕੈਦ ਹੈ।

---

**ਜੇ ਤੁਸੀਂ ਝੂਠੀ ਜਾਂ ਗੁੰਮਰਾਹਕੁੰਨ ਜਾਣਕਾਰੀ ਪ੍ਰਦਾਨ ਕਰਦੇ ਹੋ ਤਾਂ ਕੀ ਵਾਪਰਦਾ ਹੈ?**

ਜੇ ਤੁਸੀਂ ਜਾਂ ਕੋਈ ਹੋਰ ਵਿਅਕਤੀ ਝੂਠੀ ਜਾਂ ਗੁੰਮਰਾਹਕੁੰਨ ਜਾਣਕਾਰੀ ਪ੍ਰਦਾਨ ਕਰਦਾ ਹੈ, ਤਾਂ ਤੁਹਾਨੂੰ $24,000 ਤੱਕ ਦਾ ਜੁਰਮਾਨਾ ਅਤੇ/ਜਾਂ 5 ਸਾਲ ਤੱਕ ਦੀ ਕੈਦ ਹੋ ਸਕਦੀ ਹੈ।

ਤੱਕ ਦਾ ਜੁਰਮਾਨਾ
**$24,000**
ਅਤੇ/ਜਾਂ
**5 ਸਾਲ**
**ਕੈਦ**

# ਬਾਲਗਾਂ ਦੀ ਰਿਪੋਰਟ ਕਰਨ ਦੀ ਮਿਆਦ

**8** ਸਾਲ **15** ਸਾਲ **ਜੀਵਨ ਭਰ**

### ਤੁਹਾਨੂੰ ਕਿੰਨ੍ਹੇ ਕੁ ਸਮੇਂ ਤੱਕ ਰਿਪੋਰਟ ਕਰਨ ਦੀ ਲੋੜ ਪਵੇਗੀ?

ਤੁਹਾਡੇ ਦੁਆਰਾ ਕੀਤੇ ਗਏ ਅਪਰਾਧ ਦੀ ਕਿਸਮ ਅਤੇ/ਜਾਂ ਅਪਰਾਧਾਂ ਦੀ ਸੰਖਿਆ 'ਤੇ ਨਿਰਭਰ ਕਰਨ ਅਨੁਸਾਰ, ਤੁਹਾਨੂੰ 8 ਸਾਲ, 15 ਸਾਲਾਂ ਲਈ ਜਾਂ ਉਮਰ ਭਰ ਲਈ ਰਿਪੋਰਟ ਕਰਨੀ ਪਵੇਗੀ।

ਪੰਜੀਕਰਨ ਉਸ ਦਿਨ ਸ਼ੁਰੂ ਹੁੰਦਾ ਹੈ ਜਦੋਂ ਤੁਹਾਨੂੰ ਸਰਕਾਰੀ ਹਿਰਾਸਤ  ਤੋਂ ਭਾਈਚਾਰੇ ਵਿੱਚ ਰਿਹਾਅ ਕੀਤਾ ਜਾਂਦਾ ਹੈ, ਜਾਂ ਉਸ ਦਿਨ ਜਦੋਂ ਤੁਹਾਨੂੰ ਅਦਾਲਤ ਦੁਆਰਾ ਗੈਰ-ਹਿਰਾਸਤੀ ਸਜ਼ਾ ਸੁਣਾਈ ਗਈ ਹੈ।

ਜੇ ਤੁਸੀਂ ਸਰਕਾਰੀ ਹਿਰਾਸਤ ਵਿੱਚ ਜਾਂਦੇ ਹੋ, ਤਾਂ ਤੁਹਾਡੀਆਂ ਰਿਪੋਰਟ ਕਰਨ ਦੀਆਂ ਲੋੜਾਂ ਨੂੰ ਮੁਅੱਤਲ ਕਰ ਦਿੱਤਾ ਜਾਂਦਾ ਹੈ, ਅਤੇ ਇੱਕ ਵਾਰ ਜਦੋਂ ਤੁਹਾਨੂੰ ਹਿਰਾਸਤ ਤੋਂ ਰਿਹਾਅ ਕਰ ਦਿੱਤਾ ਜਾਂਦਾ ਹੈ ਤਾਂ ਦੁਬਾਰਾ ਸ਼ੁਰੂ ਕਰ ਦਿੱਤਾ ਜਾਂਦਾ ਹੈ।



### ਤੁਹਾਡੀ ਰਿਪੋਰਟ ਕਰਨ ਦੀ ਮਿਆਦ ਦੇ ਅੰਤ 'ਤੇ ਕੀ ਵਾਪਰਦਾ ਹੈ?

ਤੁਹਾਡੀ ਰਿਪੋਰਟ ਕਰਨ ਦੀ ਮਿਆਦ ਦੇ ਅੰਤ 'ਤੇ, ਤੁਹਾਨੂੰ ਆਪਣੀ ਜਾਣਕਾਰੀ ਨੂੰ ਨਵਿਆਉਣ ਦੀ ਲੋੜ ਨਹੀਂ ਪਵੇਗੀ, ਜਦ ਤੱਕ ਕਿ ਤੁਸੀਂ ਆਪਣਾ ਨਾਮ ਨਹੀਂ ਬਦਲਦੇ। ਤੁਸੀਂ ਅਜੇ ਵੀ ਅਪਰਾਧਿਕ ਜ਼ਾਬਤੇ (WA) ਦੇ ਸੈਕਸ਼ਨ 557K(6) ਦੇ ਅਧੀਨ ਹੋਵੋਗੇ।

### ਜੇ ਤੁਸੀਂ ਰਜਿਸਟਰ 'ਤੇ ਹੋਣ ਦੌਰਾਨ ਕੋਈ ਹੋਰ ਰਿਪੋਰਟ ਕਰਨਯੋਗ ਅਪਰਾਧ ਕਰਦੇ ਹੋ ਤਾਂ ਕੀ ਹੋਵੇਗਾ?

ਜੇ ਤੁਹਾਨੂੰ ਕਿਸੇ ਹੋਰ ਰਿਪੋਰਟ ਕਰਨਯੋਗ ਅਪਰਾਧ ਵਾਸਤੇ ਦੋਸ਼ੀ ਠਹਿਰਾਇਆ ਜਾਂਦਾ ਹੈ, ਤਾਂ ਤੁਹਾਨੂੰ ਰਿਪੋਰਟ ਕਰਨ ਦੀ ਲੋੜ ਪੈਣ ਦਾ ਸਮਾਂ ਵਧਾ ਦਿੱਤਾ ਜਾਵੇਗਾ।



### ਉਹ ਹਾਲਾਤ ਜਿੰਨ੍ਹਾਂ ਕਰਕੇ ਤੁਹਾਡੀਆਂ ਰਿਪੋਰਟ ਕਰਨ ਦੀਆਂ ਲੋੜਾਂ ਨੂੰ ਮੁਅੱਤਲ ਕੀਤਾ ਜਾਂ ਵਧਾ ਦਿੱਤਾ ਜਾਵੇਗਾ

ਜੇ ਤੁਸੀਂ ਕੋਈ ਵੀ ਸਮਾਂ ਸਰਕਾਰੀ ਹਿਰਾਸਤ ਵਿੱਚ ਬਿਤਾਉਂਦੇ ਹੋ, ਤਾਂ ਤੁਹਾਡੀ ਰਿਪੋਰਟ ਕਰਨ ਨੂੰ ਉਸ ਸਮੇਂ ਲਈ ਮੁਅੱਤਲ ਕਰ ਦਿੱਤਾ ਜਾਵੇਗਾ ਅਤੇ ਫੇਰ ਰਿਹਾਅ ਹੋਣ 'ਤੇ ਉਸ ਸਮੇਂ ਦੀ ਮਿਆਦ ਲਈ ਵਧਾ ਦਿੱਤਾ ਜਾਵੇਗਾ।

# ਨਾਬਾਲਗਾਂ ਲਈ ਰਿਪੋਰਟ ਕਰਨ ਦੀ ਮਿਆਦ

**4** ਸਾਲ **7.5** ਸਾਲ

**ਤੁਹਾਨੂੰ ਕਿੰਨ੍ਹੇ ਕੁ ਸਮੇਂ ਤੱਕ ਰਿਪੋਰਟ ਕਰਨ ਦੀ ਲੋੜ ਪਵੇਗੀ?**

ਤੁਹਾਡੇ ਵੱਲੋਂ ਕੀਤੇ ਗਏ ਅਪਰਾਧ ਦੀ ਕਿਸਮ ਅਤੇ/ਜਾਂ ਅਪਰਾਧਾਂ ਦੀ ਸੰਖਿਆ 'ਤੇ ਨਿਰਭਰ ਕਰਨ ਅਨੁਸਾਰ, ਤੁਹਾਨੂੰ 4 ਸਾਲ ਜਾਂ, 7 ਸਾਲ ਅਤੇ 6 ਮਹੀਨਿਆਂ ਵਾਸਤੇ ਰਿਪੋਰਟ ਕਰਨੀ ਪਵੇਗੀ।

ਪੰਜੀਕਰਨ ਉਸ ਦਿਨ ਤੋਂ ਸ਼ੁਰੂ ਹੁੰਦਾ ਹੈ ਜਦੋਂ ਤੁਹਾਨੂੰ ਸਰਕਾਰੀ ਹਿਰਾਸਤ ਤੋਂ ਭਾਈਚਾਰੇ ਵਿੱਚ ਰਿਹਾਅ ਕੀਤਾ ਜਾਂਦਾ ਹੈ, ਜਾਂ ਉਸ ਦਿਨ ਜਦੋਂ ਤੁਹਾਨੂੰ ਅਦਾਲਤ ਦੁਆਰਾ ਗੈਰ-ਹਿਰਾਸਤੀ ਸਜ਼ਾ ਸੁਣਾਈ ਗਈ ਹੈ।

ਜੇ ਤੁਸੀਂ ਸਰਕਾਰੀ ਹਿਰਾਸਤ ਵਿੱਚ ਜਾਂਦੇ ਹੋ, ਤਾਂ ਤੁਹਾਡੀਆਂ ਰਿਪੋਰਟ ਕਰਨ ਦੀਆਂ ਲੋੜਾਂ ਨੂੰ ਮੁਅੱਤਲ ਕਰ ਦਿੱਤਾ ਜਾਂਦਾ ਹੈ, ਅਤੇ ਇੱਕ ਵਾਰ ਜਦੋਂ ਤੁਹਾਨੂੰ ਹਿਰਾਸਤ ਤੋਂ ਰਿਹਾਅ ਕਰ ਦਿੱਤਾ ਜਾਂਦਾ ਹੈ ਤਾਂ ਦੁਬਾਰਾ ਸ਼ੁਰੂ ਕਰ ਦਿੱਤਾ ਜਾਂਦਾ ਹੈ।



**ਤੁਹਾਡੀ ਰਿਪੋਰਟ ਕਰਨ ਦੀ ਮਿਆਦ ਦੇ ਅੰਤ 'ਤੇ ਕੀ ਵਾਪਰਦਾ ਹੈ?**

ਤੁਹਾਡੀ ਰਿਪੋਰਟ ਕਰਨ ਦੀ ਮਿਆਦ ਦੇ ਅੰਤ 'ਤੇ, ਤੁਹਾਨੂੰ ਆਪਣੀ ਜਾਣਕਾਰੀ ਨੂੰ ਨਵਿਆਉਣ ਦੀ ਲੋੜ ਨਹੀਂ ਪਵੇਗੀ, ਜਦ ਤੱਕ ਕਿ ਤੁਸੀਂ ਆਪਣਾ ਨਾਮ ਨਹੀਂ ਬਦਲਦੇ।

**ਜੇ ਤੁਸੀਂ ਰਜਿਸਟਰ 'ਤੇ ਹੋਣ ਦੌਰਾਨ ਕੋਈ ਹੋਰ ਰਿਪੋਰਟ ਕਰਨਯੋਗ ਅਪਰਾਧ ਕਰਦੇ ਹੋ ਤਾਂ ਕੀ ਹੋਵੇਗਾ?**

ਜੇ ਤੁਹਾਨੂੰ ਕਿਸੇ ਹੋਰ ਰਿਪੋਰਟ ਕਰਨਯੋਗ ਅਪਰਾਧ ਵਾਸਤੇ ਦੋਸ਼ੀ ਠਹਿਰਾਇਆ ਜਾਂਦਾ ਹੈ, ਤਾਂ ਤੁਹਾਨੂੰ ਰਿਪੋਰਟ ਕਰਨ ਦੀ ਲੋੜ ਪੈਣ ਦਾ ਸਮਾਂ ਵਧਾ ਦਿੱਤਾ ਜਾਵੇਗਾ।



**ਉਹ ਹਾਲਾਤ ਜਿੰਨ੍ਹਾਂ ਕਰਕੇ ਤੁਹਾਡੀਆਂ ਰਿਪੋਰਟ ਕਰਨ ਦੀਆਂ ਲੋੜਾਂ ਨੂੰ ਮੁਅੱਤਲ ਕੀਤਾ ਜਾਂ ਵਧਾ ਦਿੱਤਾ ਜਾਵੇਗਾ**

ਜੇ ਤੁਸੀਂ ਕੋਈ ਵੀ ਸਮਾਂ ਸਰਕਾਰੀ ਹਿਰਾਸਤ ਵਿੱਚ ਬਿਤਾਉਂਦੇ ਹੋ, ਤਾਂ ਤੁਹਾਡੀ ਰਿਪੋਰਟ ਕਰਨ ਨੂੰ ਉਸ ਸਮੇਂ ਲਈ ਮੁਅੱਤਲ ਕਰ ਦਿੱਤਾ ਜਾਵੇਗਾ ਅਤੇ ਫੇਰ ਰਿਹਾਅ ਹੋਣ 'ਤੇ ਉਸ ਸਮੇਂ ਦੀ ਮਿਆਦ ਲਈ ਵਧਾ ਦਿੱਤਾ ਜਾਵੇਗਾ।

# ਅਕਸਰ ਪੁੱਛੇ ਜਾਂਦੇ ਪ੍ਰਸ਼ਨ - ਵਧੀਕ ਜਾਣਕਾਰੀ



**ਕੀ ਤੁਹਾਨੂੰ ਰਿਪੋਰਟ ਕਰਨ ਜਾਂ ਜਾਣਕਾਰੀ ਨੂੰ ਨਵਿਆਉਣ ਲਈ ਕੋਈ ਰਸੀਦ ਮਿਲਦੀ ਹੈ?**
ਹਾਂ, ਜਾਣਕਾਰੀ ਨੂੰ ਨਵਿਆਉਂਦੇ ਸਮੇਂ ਤੁਸੀਂ ਇੱਕ ਰਸੀਦ ਜਾਂ ਇੱਕ ਵਿਲੱਖਣ ਹਵਾਲਾ ਨੰਬਰ ਲੈਣ ਦੇ ਹੱਕਦਾਰ ਹੋ

**ਕੀ ਕੋਈ ਤੁਹਾਡੀ ਤਰਫ਼ੋਂ ਰਿਪੋਰਟ ਕਰ ਸਕਦਾ ਹੈ ਜਾਂ ਤੁਹਾਡੀ ਜਾਣਕਾਰੀ ਨੂੰ ਨਵਿਆ ਸਕਦਾ ਹੈ?**
ਜੇ ਤੁਸੀਂ ਬੱਚੇ ਹੋ, ਤੁਹਾਨੂੰ ਕੋਈ ਅਪੰਗਤਾ ਹੈ ਜੋ ਰਿਪੋਰਟ ਕਰਨਾ ਅਸੰਭਵ ਜਾਂ ਅਵਿਵਹਾਰਕ ਬਣਾਉਂਦੀ ਹੈ, ਤਾਂ ਕੋਈ ਮਾਪਾ, ਸਰਪ੍ਰਸਤ, ਸੰਭਾਲ ਕਰਨ ਵਾਲਾ, ਜਾਂ ਕਿਸੇ ਅਧਿਕਾਰਿਤ ਵਿਅਕਤੀ ਦੁਆਰਾ ਨਾਮਜ਼ਦ ਕੀਤਾ ਗਿਆ ਅਤੇ ਮਨਜ਼ੂਰਸ਼ੁਦਾ ਹੋਰ ਬਾਲਗ਼ ਵਿਅਕਤੀ ਤੁਹਾਡੀ ਤਰਫ਼ੋਂ ਅਜਿਹਾ ਕਰ ਸਕਦਾ ਹੈ।

ਤੁਹਾਨੂੰ ਇਸ ਬਾਰੇ ਕਿਸੇ ਅਧਿਕਾਰਿਤ ਵਿਅਕਤੀ ਨਾਲ ਵਿਚਾਰ-ਵਟਾਂਦਰਾ ਕਰਨ ਅਤੇ ਆਪਣੀ ਤਰਫ਼ੋਂ ਰਿਪੋਰਟ ਕਰਨ ਲਈ ਸਹਿਮਤੀ ਪ੍ਰਦਾਨ ਕਰਨ ਦੀ ਲੋੜ ਹੈ।



**ਜਦੋਂ ਤੁਸੀਂ ਪਿਛਲੀ ਵਾਰ ਰਿਪੋਰਟ ਕੀਤੀ ਸੀ ਉਦੋਂ ਤੋਂ ਲੈ ਕੇ ਤੁਸੀਂ ਸਰਕਾਰੀ ਹਿਰਾਸਤ ਵਿੱਚ ਰਹੇ ਹੋ, ਤੁਸੀਂ ਕੀ ਕਰ ਸਕਦੇ ਹੋ?**
ਜੇ ਤੁਸੀਂ 14 ਦਿਨਾਂ ਜਾਂ ਵਧੇਰੇ ਸਮੇਂ ਲਈ ਸਰਕਾਰੀ ਹਿਰਾਸਤ ਵਿੱਚ ਰਹੇ ਹੋ, ਤਾਂ ਤੁਹਾਨੂੰ ਆਪਣੀ ਰਿਹਾਈ ਦੇ 7 ਦਿਨਾਂ ਦੇ ਅੰਦਰ ਕਿਸੇ ਅਧਿਕਾਰਿਤ ਵਿਅਕਤੀ ਨੂੰ ਰਿਪੋਰਟ ਕਰਨ ਦੀ ਲੋੜ ਹੈ।

**ਕੀ ਤੁਹਾਡੀਆਂ ਰਿਪੋਰਟ ਕਰਨ ਦੀਆਂ ਲੋੜਾਂ ਰਜਿਸਟਰ ਅਤੇ ਹੋਰ ਸਜ਼ਾਵਾਂ/ਆਦੇਸ਼ਾਂ/ਇਲੈਕਟ੍ਰੌਨਿਕ ਨਿਗਰਾਨੀ ਨੂੰ ਪ੍ਰਭਾਵਿਤ ਕਰਦੀਆਂ ਹਨ?**
ਤੁਹਾਡੀਆਂ ਰਿਪੋਰਟ ਕਰਨ ਦੀਆਂ ਲੋੜਾਂ ਜੋ ਤੁਹਾਡੇ ਉਪਰ ਲਾਗੂ ਹੋ ਸਕਦੀਆਂ ਹਨ, ਕਿਸੇ ਵੀ ਸਜ਼ਾ ਜਾਂ ਆਰਡਰ ਦੀਆਂ ਲੋੜਾਂ ਨਾਲ ਵਧਦੀਆਂ ਹਨ।



**ਅਪਰਾਧਿਕ ਜ਼ਾਬਤੇ ਦੇ ਸੈਕਸ਼ਨ 557K(6) ਅਧੀਨ ਤੁਹਾਡੀਆਂ ਜ਼ਿੰਮੇਵਾਰੀਆਂ**
ਇੱਕ ਰਿਪੋਰਟ ਕਰਨਯੋਗ ਅਪਰਾਧੀ ਵਜੋਂ, ਅਪਰਾਧਿਕ ਜ਼ਾਬਤੇ ਦੇ ਸੈਕਸ਼ਨ 557K(6) ਦੇ ਅਧੀਨ, ਤੁਹਾਨੂੰ, ਬਿਨਾਂ ਕਿਸੇ ਵਾਜਬ ਬਹਾਨੇ ਦੇ, ਕਿਸੇ ਅਜਿਹੀ ਜਗ੍ਹਾ ਵਿੱਚ ਜਾਂ ਇਸ ਦੇ ਨੇੜੇ ਨਹੀਂ ਹੋਣਾ ਚਾਹੀਦਾ ਜਿੱਥੇ ਬੱਚੇ ਬਕਾਇਦਾ ਮੌਜੂਦ ਹੁੰਦੇ ਹਨ (ਜਿਵੇਂ ਕਿ ਸਕੂਲ, ਬਾਲ ਸੰਭਾਲ ਕੇਂਦਰ, ਖੇਡ ਦਾ ਮੈਦਾਨ)। ਸਜ਼ਾ ਵੱਧ ਤੋਂ ਵੱਧ 2 ਸਾਲ ਦੀ ਕੈਦ ਅਤੇ/ਜਾਂ $24,000 ਦਾ ਜੁਰਮਾਨਾ ਹੈ।


**ਜੇ ਤੁਸੀਂ ਆਪਣਾ ਨਾਮ ਬਦਲਣਾ ਚਾਹੁੰਦੇ ਹੋ ਤਾਂ ਕੀ ਹੋਵੇਗਾ?**

ਆਪਣਾ ਨਾਮ ਬਦਲਣ ਲਈ ਮਨਜ਼ੂਰੀ ਵਾਸਤੇ ਤੁਹਾਨੂੰ ਲਾਜ਼ਮੀ ਤੌਰ 'ਤੇ ਗੰਭੀਰ ਅਪਰਾਧੀ ਰਜਿਸਟਰੀ ਕੋਲ ਲਿਖਤੀ ਰੂਪ ਵਿੱਚ ਅਰਜ਼ੀ ਦੇਣੀ ਚਾਹੀਦੀ ਹੈ।



## ਤੁਹਾਡੀ ਜਾਣਕਾਰੀ ਤੱਕ ਕਿਸ ਦੀ ਪਹੁੰਚ ਹੈ?

ਕੇਵਲ ਅਧਿਕਾਰਤ ਵਿਅਕਤੀਆਂ ਦੀ ਤੁਹਾਡੀ ਜਾਣਕਾਰੀ ਤੱਕ ਪਹੁੰਚ ਹੁੰਦੀ ਹੈ। ਤੁਹਾਡੀ ਜਾਣਕਾਰੀ ਜਨਤਕ ਤੌਰ 'ਤੇ ਉਪਲਬਧ ਨਹੀਂ ਹੁੰਦੀ ਹੈ ਅਤੇ ਕਿਸੇ ਵੀ ਅਣ-ਅਧਿਕਾਰਿਤ ਵਿਅਕਤੀ ਦੁਆਰਾ ਇਸ ਤੱਕ ਪਹੁੰਚ ਨਹੀਂ ਕੀਤੀ ਜਾ ਸਕਦੀ।




## ਕੀ ਤੁਹਾਡੀ ਕਿਸੇ ਵੀ ਜਾਣਕਾਰੀ ਨੂੰ ਪੁਲਿਸ ਦੁਆਰਾ ਜਾਰੀ ਕੀਤਾ ਜਾ ਸਕਦਾ ਹੈ?

ਹਾਂ, ਜੇ ਤੁਸੀਂ ਕੋਈ ਬਾਲਗ਼ ਹੋ ਤਾਂ ਤੁਹਾਡੇ ਵੇਰਵਿਆਂ ਨੂੰ ਭਾਈਚਾਰਕ ਸੁਰੱਖਿਆ ਵੈੱਬਸਾਈਟ 'ਤੇ ਚੜ੍ਹਾਇਆ ਜਾ ਸਕਦਾ ਹੈ, ਜੇ ਹੇਠ ਲਿਖਿਆਂ ਵਿੱਚੋਂ ਕੁਝ ਵੀ ਵਾਪਰਦਾ ਹੈ:

» ਤੁਸੀਂ ਰਿਪੋਰਟ ਕਰਨ ਲੋੜਾਂ ਦੀ ਪਾਲਣਾ ਨਹੀਂ ਕਰਦੇ ਹੋ, ਅਤੇ ਪੁਲਿਸ ਤੁਹਾਡੇ ਮੌਜੂਦਾ ਟਿਕਾਣਿਆਂ ਤੋਂ ਅਣਜਾਣ ਹੈ।

» ਤੁਸੀਂ ਇੱਕ ਰਿਪੋਰਟ ਕਰਨਯੋਗ ਅਪਰਾਧੀ ਹੋਣ ਦੇ ਬਾਵਜੂਦ ਇੱਕ ਹੋਰ ਰਿਪੋਰਟ ਯੋਗ ਅਪਰਾਧ ਕਰਦੇ ਹੋ।

» ਜਨਤਾ ਦੀ ਸੁਰੱਖਿਆ ਲਈ ਚਿੰਤਾਵਾਂ ਹਨ।



## ਉਹ ਹਾਲਾਤ ਜਿੱਥੇ ਤੁਹਾਡੀ ਜਾਣਕਾਰੀ ਨੂੰ ਕਿਸੇ ਤੀਜੀ ਧਿਰ ਨੂੰ ਜਾਰੀ ਕੀਤਾ ਜਾਵੇਗਾ

ਤੁਹਾਡੀ ਜਾਣਕਾਰੀ ਕਿਸੇ ਬਾਹਰੀ ਸਰਕਾਰੀ ਅਦਾਰੇ ਨੂੰ ਪ੍ਰਦਾਨ ਕੀਤੀ ਜਾ ਸਕਦੀ ਹੈ। ਇਹ ਸਰਕਾਰੀ ਅਦਾਰਾ ਕਿਸੇ ਬੱਚੇ ਦੇ ਮਾਪੇ ਜਾਂ ਸਰਪ੍ਰਸਤ, ਕਿਸੇ ਬੱਚੇ ਦੇ ਅਧਿਆਪਕ ਜਾਂ ਬਕਾਇਦਾ ਸੰਭਾਲ ਕਰਨ ਵਾਲੇ, ਜਾਂ ਕਿਸੇ ਬੱਚੇ ਦੀ ਨਿਗਰਾਨੀ ਜਾਂ ਭਲਾਈ ਲਈ ਜ਼ਿੰਮੇਵਾਰ ਕਿਸੇ ਵਿਅਕਤੀ ਨੂੰ ਸੂਚਿਤ ਕਰ ਸਕਦੀ ਹੈ, ਜੇ ਇਹ ਮੰਨਿਆ ਜਾਂਦਾ ਹੈ ਕਿ ਤੁਸੀਂ ਕਿਸੇ ਬੱਚੇ ਜਾਂ ਬੱਚਿਆਂ ਦੀ ਜ਼ਿੰਦਗੀ, ਭਲਾਈ ਜਾਂ ਜਿਨਸੀ ਸੁਰੱਖਿਆ ਲਈ ਖ਼ਤਰਾ ਖੜ੍ਹਾ ਕਰਦੇ ਹੋ।

ਜਾਣਕਾਰੀ ਜਾਰੀ ਕਰਨ ਲਈ ਖੁਲਾਸਾ ਨਿਯਮ ਮੌਜੂਦ ਹਨ। ਕੋਈ ਵੀ ਵਿਅਕਤੀ ਜੋ ਗ਼ੈਰ-ਕਾਨੂੰਨੀ ਤਰੀਕੇ ਨਾਲ ਤੁਹਾਡੀ ਜਾਣਕਾਰੀ ਦਾ ਖੁਲਾਸਾ ਕਰਦਾ ਹੈ, ਇੱਕ ਅਪਰਾਧ ਕਰ ਰਿਹਾ ਹੁੰਦਾ ਹੈ।

## ਤੁਹਾਡੀ ਪਰਦੇਦਾਰੀ ਦਾ ਅਧਿਕਾਰ

ਤੁਸੀਂ ਨਿੱਜੀ ਤੌਰ 'ਤੇ ਰਿਪੋਰਟ ਕਰਨ ਦੇ ਹੱਕਦਾਰ ਹੋ। ਜੇ ਤੁਹਾਨੂੰ ਲੋੜ ਪੈਂਦੀ ਹੈ ਤਾਂ ਤੁਸੀਂ ਆਪਣੀ ਪਸੰਦ ਦੇ ਕਿਸੇ ਸਹਾਇਤਾ ਕਰਨ ਵਾਲੇ ਵਿਅਕਤੀ ਨੂੰ ਨਾਲ ਲਿਆ ਸਕਦੇ ਹੋ।

ਜੇ ਲੋੜ ਪੈਂਦੀ ਹੈ, ਤਾਂ ਜਦ ਤੁਸੀਂ ਆਪਣੀਆਂ ਮੁਲਾਕਾਤਾਂ ਵਿੱਚ ਹਾਜ਼ਰੀ ਭਰਦੇ ਹੋ ਤਾਂ ਦੁਭਾਸ਼ੀਏ ਮੌਜੂਦ ਹੋ ਸਕਦਾ ਹੈ। ਦੁਭਾਸ਼ੀਏ ਨੂੰ ਕਿਸੇ ਵੀ ਜਾਣਕਾਰੀ ਦਾ ਖੁਲਾਸਾ ਨਾ ਕਰਨ ਲਈ ਹਾਮੀ ਭਰਨ ਵਾਲੀ ਚਿੱਠੀ 'ਤੇ ਦਸਤਖ਼ਤ ਕਰਨ ਦੀ ਲੋੜ ਪਵੇਗੀ, ਜਦ ਤੱਕ ਕਿ ਇਹ ਕਾਨੂੰਨ ਦੁਆਰਾ ਲੋੜੀਂਦਾ ਨਹੀਂ ਹੁੰਦਾ।

# ਔਨਲਾਈਨ ਰਿਪੋਰਟ ਕਰਨਾ

ਔਨਲਾਈਨ ਪੋਰਟਲ 'ਤੇ ਸਿੱਧੀ ਪਹੁੰਚ ਪ੍ਰਾਪਤ ਕਰਨ ਲਈ ਉਪਰੋਕਤ QR ਕੋਡ ਨੂੰ ਸਕੈਨ ਕਰੋ।

ਤੁਸੀਂ ਇਸ ਪੋਰਟਲ ਦੀ ਵਰਤੋਂ *ਭਾਈਚਾਰਕ ਸੁਰੱਖਿਆ (ਅਪਰਾਧੀ ਵਜੋਂ ਰਿਪੋਰਟ ਕਰਨ) ਕਾਨੂੰਨ 2004* ਦੇ ਅਧੀਨ ਲੋੜੀਂਦੇ ਆਪਣੇ ਨਿੱਜੀ ਵੇਰਵਿਆਂ ਵਿੱਚ ਕਿਸੇ ਵੀ ਤਬਦੀਲੀਆਂ ਬਾਰੇ ਸਾਨੂੰ ਦੱਸਣ ਲਈ ਕਰ ਸਕਦੇ ਹੋ

- ☑ ਇਹ ਪੋਰਟਲ, ਤਬਦੀਲੀਆਂ ਦੀ ਔਨਲਾਈਨ ਰਿਪੋਰਟ ਕਰਨ ਦਾ ਇੱਕੋ ਇੱਕ ਤਰੀਕਾ ਹੈ।
- ☑ ਤੁਹਾਡੀ ਰਿਪੋਰਟ ਸੁਰੱਖਿਅਤ ਹੈ ਅਤੇ ਇਸ ਨੂੰ ਕੇਵਲ ਵੈਸਟਰਨ ਆਸਟ੍ਰੇਲੀਆ ਪੁਲਿਸ ਫੋਰਸ ਦੇ ਅਧਿਕਾਰਿਤ ਅਫ਼ਸਰਾਂ ਦੁਆਰਾ ਹੀ ਦੇਖਿਆ ਜਾਵੇਗਾ।
- ☒ ਇਸ ਪੋਰਟਲ ਦੀ ਲਗਾਤਾਰ ਨਿਗਰਾਨੀ ਨਹੀਂ ਕੀਤੀ ਜਾਂਦੀ ਹੈ, ਇਸ ਲਈ ਤੁਹਾਨੂੰ ਤੁਰੰਤ ਜਵਾਬ ਨਹੀਂ ਮਿਲੇਗਾ।
- ਪੋਰਟਲ ਦੇ ਸੰਬੰਧ ਵਿੱਚ ਸਹਾਇਤਾ ਵਾਸਤੇ, ਕਿਰਪਾ ਕਰਕੇ ਸੋਮਵਾਰ – ਸ਼ੁੱਕਰਵਾਰ (ਜਨਤਕ ਛੁੱਟੀਆਂ ਨੂੰ ਛੱਡ ਕੇ) ਸਵੇਰੇ 8:00 ਵਜੇ ਤੋਂ ਸ਼ਾਮ 4:00 ਵਜੇ ਵਿਚਕਾਰ 1800 300 400 'ਤੇ ਗੰਭੀਰ ਅਪਰਾਧੀ ਰਜਿਸਟਰੀ ਨਾਲ ਸੰਪਰਕ ਕਰੋ।

**QR ਕੋਡ ਦੀ ਵਰਤੋਂ ਕਿਵੇਂ ਕਰੀਏ:**
ਆਪਣੇ ਸਮਾਰਟ ਫ਼ੋਨ ਦਾ ਕੈਮਰਾ ਖੋਲ੍ਹੋ ਅਤੇ ਇਸ ਨੂੰ QR ਕੋਡ ਦੇ ਸਾਹਮਣੇ ਕਰੋ। ਪੋਰਟਲ ਨੂੰ ਖੋਲ੍ਹਣ ਲਈ ਦਿਖਾਈ ਦੇਣ ਵਾਲੇ ਲਿੰਕ 'ਤੇ ਟੈਪ ਕਰੋ।

**ਕੀ ਤੁਹਾਡੀ ਫ਼ੋਨ ਜਾਂ ਇੰਟਰਨੈੱਟ ਤੱਕ ਪਹੁੰਚ ਨਹੀਂ ਹੈ?**
ਆਪਣੇ ਨਿੱਜੀ ਵੇਰਵਿਆਂ ਵਿੱਚ ਤਬਦੀਲੀ ਦੀ ਰਿਪੋਰਟ ਕਰਨ ਲਈ ਤੁਸੀਂ ਵਿਅਕਤੀਗਤ ਤੌਰ 'ਤੇ ਆ ਸਕਦੇ ਹੋ।
**ਵੈਸਟਰਨ ਆਸਟ੍ਰੇਲੀਆ ਮੈਟਰੋਪੋਲੀਟਨ (ਸ਼ਹਿਰੀ ਇਲਾਕੇ)** – ਗੰਭੀਰ ਅਪਰਾਧੀ ਇਨਫੋਰਸਮੈਂਟ ਸਕੁਐਡ ਕੋਲ ਹਾਜ਼ਰ ਹੋਵੋ
**ਖੇਤਰੀ ਵੈਸਟਰਨ ਆਸਟ੍ਰੇਲੀਆ** – ਕਿਸੇ ਸਥਾਨਕ ਪੁਲਿਸ ਸਟੇਸ਼ਨ ਵਿੱਚ ਹਾਜ਼ਰ ਹੋਵੋ

# ਸਹਾਇਤਾ ਸੇਵਾਵਾਂ

ਜੇ ਤੁਹਾਡੇ ਕੋਈ ਹੋਰ ਸਵਾਲ ਹਨ, ਤਾਂ WA ਪੁਲਿਸ ਨਾਲ ਸੰਪਰਕ ਕਰੋ ਜੋ WA ਵਿੱਚ ਰਿਪੋਰਟ ਕਰਨਯੋਗ ਅਪਰਾਧੀਆਂ ਦੇ ਪ੍ਰਬੰਧਨ ਅਤੇ ਨਿਗਰਾਨੀ ਲਈ ਜ਼ਿੰਮੇਵਾਰ ਹੈ:

- ਗੰਭੀਰ ਅਪਰਾਧੀ ਰਜਿਸਟਰੀ 1800 300 400 ਤੋਂ ਕਿਸੇ ਅਧਿਕਾਰਿਤ ਵਿਅਕਤੀ ਨਾਲ ਗੱਲ ਕਰੋ ਜਾਂ ਫਿਰ Serious.Offender.Registry@police.wa.gov.au 'ਤੇ ਈਮੇਲ ਕਰੋ

- *ਭਾਈਚਾਰਕ ਸੁਰੱਖਿਆ (ਅਪਰਾਧੀ ਦੁਆਰਾ ਰਿਪੋਰਟ ਕਰਨਾ) ਕਾਨੂੰਨ 2004,* WALW - ਭਾਈਚਾਰਕ ਸੁਰੱਖਿਆ (ਅਪਰਾਧੀ ਰਿਪੋਰਟ ਕਰਨ) ਕਾਨੂੰਨ 2004 - ਮੁੱਖ ਸਫ਼ੇ 'ਤੇ ਉਪਲਬਧ ਹੈ

| | |
|---|---|
| ਲਾਈਫ਼ਲਾਈਨ | ਫ਼ੋਨ: 13 11 14 |
| ਬਿਓਂਡ ਬਲਿਊ | ਮੁਫ਼ਤ ਕਾਲ: 1300 224 636<br>ਵੈੱਬ: https://www.beyondblue.org.au/ |
| ਸ਼ਰਾਬ, ਨਸ਼ੀਲੇ ਪਦਾਰਥ ਅਤੇ ਮਾਨਸਿਕ ਸਿਹਤ ਸੇਵਾਵਾਂ | ਫੋਨ ਪਰਥ: 9442 5000<br>ਦਿਹਾਤੀ: 1800 198 024<br>ਵੈੱਬ: Alcohol, Drug and Mental Health Support Service \| ADMHSS |
| ਵਿਦੇਸ਼ ਮਾਮਲੇ ਅਤੇ ਵਪਾਰ ਵਿਭਾਗ | ਵੈੱਬ: Homepage \| Australian Government Department of Foreign Affairs and Trade<br>ਵੈੱਬ: Information for reportable offenders \| Australian Passport Office |
| ਮਲਟੀਕਲਚਰਲ ਸਰਵਿਸਜ਼ ਸੈਂਟਰ | ਫ਼ੋਨ: (08) 9328 2699<br>ਵੈੱਬ: Home - MSCWA |
| ਯੋਰਗਮ ਹੀਲਿੰਗ ਸਰਵਿਸਿਜ਼ | ਮੁਫ਼ਤ ਕਾਲ: 1800 469 371<br>ਵੈੱਬ: Yorgum Healing Services Aboriginal Corporation – Providing all Aboriginal people with culturally secure, community-based healing. |
| ਹੈੱਡਸਪੇਸ | ਮੁਫ਼ਤ ਕਾਲ: 1800 650 890<br>ਵੈੱਬ: https://headspace.org.au/online-and-phone-support/ |
| 1800RESPECT | ਮੁਫ਼ਤ ਕਾਲ: 1800 737 732<br>ਵੈੱਬ: https://www.1800respect.org.au/ |

| | |
|---|---|
| ਆਊਟਕੇਅਰ | ਫ਼ੋਨ: (08) 6262 8622<br>ਵੈੱਬ: Outcare - Justice Support in Western Australia |
| ਬਹੁ-ਸੱਭਿਆਚਾਰਕ ਹਿੱਤਾਂ ਦਾ ਦਫ਼ਤਰ | ਫ਼ੋਨ: (08) 6552 7300<br>ਵੈੱਬ: Office of Multicultural Interests |
| ਸਟੌਪ ਇੱਟ ਨਾਊ, ਆਸਟ੍ਰੇਲੀਆ | ਮੁਫ਼ਤ ਕਾਲ: 1800 01 1800<br>ਵੈੱਬ: ਸਟੌਪ ਇੱਟ ਨਾਊ!_ਆਸਟ੍ਰੇਲੀਆ |
| ਬਲਿਊ ਨੌਟ | ਮੁਫ਼ਤ ਕਾਲ: 1300 657 380<br>ਵੈੱਬ: Blue Knot Helpline and Redress Support Service |
| ਸਾਮਾਰੀਟਨਜ਼ ਹੈਲਪਲਾਈਨ – WA ਆਧਾਰਿਤ ਮੁਫ਼ਤ ਮਾਨਸਿਕ ਸਿਹਤ ਸੇਵਾ | ਮੁਫ਼ਤ ਕਾਲ: 0863 839 850<br>ਵੈੱਬ: https://thesamaritans.org.au/ |
| ਕਿਡਜ਼ ਹੈਲਪਲਾਈਨ | ਮੁਫ਼ਤ ਕਾਲ: 1800 55 1800<br>ਵੈੱਬ: https://kidshelpline.com.au/ |
| ਆਸਟ੍ਰੇਲੀਅਨ ਸਾਈਕੋਲੋਜੀਕਲ ਸੁਸਾਇਟੀ | ਮੁਫ਼ਤ ਕਾਲ: 1800 333 497<br>ਵੈੱਬ: https://psychology.org.au/ |
| ਐਂਗਲੀਕੇਅਰ WA - ਰਿਹਾਇਸ਼ ਅਤੇ ਬੇਘਰੀ | ਮੁਫਤ ਕਾਲ: 1300 11 44 46<br>ਵੈੱਬ: https://www.anglicarewa.org.au/get-help/housing-and-homelessness |
| ਐਂਟਰੀ ਪੁਆਇੰਟ ਪਰਥ - ਬੇਘਰੀ ਸਹਾਇਤਾ | ਮੁਫ਼ਤ ਕਾਲ: 1800 124 684<br>ਵੈੱਬ:https://www.entrypointperth.com.au/services/ |

**ਚੇਤੇ ਰੱਖੋ:** ਇਹ ਕਿਤਾਬਚਾ ਰਿਪੋਰਟ ਕਰਨਯੋਗ ਅਪਰਾਧੀਆਂ ਦੀ ਸਹਾਇਤਾ ਕਰਨ ਲਈ ਜਾਣਕਾਰੀ ਦਾ ਇੱਕ ਸੰਖੇਪ ਹੈ, ਜੋ ਰਿਪੋਰਟ ਕਰਨ ਦੀਆਂ ਜ਼ਿੰਮੇਵਾਰੀਆਂ ਦੇ ਅਧੀਨ ਹਨ। ਇਹ ਕਾਨੂੰਨ ਦੀ ਥਾਂ ਨਹੀਂ ਲੈਂਦਾ ਅਤੇ ਇਸ ਨੂੰ ਸਿਰਫ਼ ਇੱਕ ਗਾਈਡ ਵਜੋਂ ਵਰਤਿਆ ਜਾਣਾ ਚਾਹੀਦਾ ਹੈ।